



# ਨਾਰੀ-ਕਾਵਿ ਦੀ ਨਾਰੀਵਾਦੀ ਪੜ੍ਹਤ ਦਾ ਸੁਆਲ

## ਅੰਮ੍ਰਿਤਾ ਪ੍ਰੀਤਮ, ਪ੍ਰਭਜੋਤ ਕੌਰ ਅਤੇ ਮਨਜੀਤ ਟਿਵਾਣਾ ਦੇ ਹਵਾਲੇ ਨਾਲ

ਇਸ ਖੋਜ -ਪੱਤਰ ਦਾ ਵਿਸ਼ਾ ਨਾਰੀ-ਕਾਵਿ ਦੀ ਨਾਰੀਵਾਦੀ ਪੜ੍ਹਤ ਤਿਆਰ ਕਰਨਾ ਹੈ। ਅਜਿਹਾ ਸੋਚਦਿਆਂ ਹੀ ਸਾਡੇ ਜ਼ਿਹਨ ਵਿਚ ਦੋ ਮੂਲ ਸੁਆਲ ਪੈਦਾ ਹੁੰਦੇ ਹਨ। ਪਹਿਲਾ ਸੁਆਲ ਕਿ ਨਾਰੀਵਾਦ ਕੀ ਹੈ ਅਤੇ ਦੂਸਰਾ ਸੁਆਲ ਇਹ ਕਿ ਕਿਸੇ ਪਾਠ ਦੀ ਨਾਰੀਵਾਦੀ ਪੜ੍ਹਤ ਕਿਵੇਂ ਕੀਤੀ ਜਾਵੇਗੀ ਅਤੇ ਇਸੇ ਦੇ ਨਾਲ ਜੁੜਿਆ ਅਗਲਾ ਸੁਆਲ ਇਹ ਵੀ ਬਣਦਾ ਦਿਖਾਈ ਦਿੰਦਾ ਹੈ ਕਿ ਕੀ ਕੋਈ ਹੋਰ ਤਰ੍ਹਾਂ ਦੀਆਂ ਪੜ੍ਹਤਾਂ ਵੀ ਹੁੰਦੀਆਂ ਹੋਣਗੀਆਂ? ਨਾਰੀਵਾਦੀ ਸਿਧਾਂਤਕਾਰ ਇਹ ਮੰਨਦੇ ਹਨ ਕਿ ਜਿਵੇਂ ਕੁਝ ਵੀ ਨਿਰਪੱਖ ਨਹੀਂ ਹੁੰਦਾ ਠੀਕ ਉਸੇ ਤਰ੍ਹਾਂ ਕਿਸੇ ਸਾਹਿਤ ਦੀ ਪੜ੍ਹਤ ਜਾਂ ਆਲੋਚਨਾ ਵੀ ਨਿਰਪੱਖ ਨਹੀਂ ਹੋ ਸਕਦੀ।

ਨਾਰੀਵਾਦ ਕੀ ਹੈ ? ਇਸ ਬਾਰੇ ਬਹੁਤ ਲੰਬੀ ਚੌੜੀ ਗੱਲ ਹੋ ਸਕਦੀ ਹੈ ਪਰੰਤੂ ਜੇਕਰ ਇਸ ਬਾਰੇ ਬਹੁਤ ਥੋੜ੍ਹੇ ਸ਼ਬਦਾਂ ਵਿਚ ਸਮਝਣਾ ਹੋਵੇ ਤਾਂ ਅਸੀਂ ਕਹਿ ਸਕਦੇ ਹਾਂ ਕਿ ਨਾਰੀਵਾਦ ਇਕ ਤਰ੍ਹਾਂ ਦੀ ਰਾਜਨੀਤੀ ਹੈ ਜਿਸ ਰਾਹੀਂ ਪਿਤਰਕੀ ਪ੍ਰਬੰਧ ਨੂੰ ਸਮਝਣ ਅਤੇ ਇਸਦਾ ਬਦਲ ਸਿਰਜਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਇਹ ਐਸੀ ਚੇਤਨਾ ਹੈ ਜਿਸ ਰਾਹੀਂ ਪਿਤਰਕੀ ਦੁਆਰਾ ਕੀਤੇ ਜਾਂਦੇ ਨਾਰੀ ਦਮਨ ਦੇ ਖਿਲਾਫ਼ ਪ੍ਰਤੀਰੋਧੀ ਕਾਰਜਸ਼ੀਲਤਾ ਪੈਦਾ ਕੀਤੀ ਜਾਂਦੀ ਹੈ। ਨਾਰੀਵਾਦੀ ਸਿਧਾਂਤਕਾਰ ਸਾਹਿਤ ਨੂੰ ਇਸ ਪ੍ਰਤੀਰੋਧੀ ਕਾਰਜਸ਼ੀਲਤਾ ਦਾ ਮਾਧਿਅਮ ਸਮਝਦੇ ਹਨ।

ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਨਾਰੀਵਾਦੀ ਸਿਧਾਂਤਕਾਰ ਨਾਰੀਵਾਦੀ ਸਾਹਿਤ ਨੂੰ ਸਮਾਜਕ ਦਖ਼ਲ ਦੀ ਇਕ ਏਜੰਸੀ ਦੇ ਰੂਪ ਵਿਚ ਦੇਖਦੇ ਹਨ। ਐਲੇਨ ਸਿਕਸੂ ਦੇ ਸ਼ਬਦਾਂ ਵਿਚ 'ਔਰਤਾਂ ਨੂੰ ਆਪ ਲਿਖਣਾ ਚਾਹੀਦਾ ਹੈ, ਉਹਨਾਂ ਨੂੰ ਔਰਤਾਂ ਬਾਰੇ ਲਿਖਣਾ ਚਾਹੀਦਾ ਹੈ ਅਤੇ ਹੋਰ ਔਰਤਾਂ ਨੂੰ ਲਿਖਣ ਦੀ ਪ੍ਰੇਰਣਾ ਦੇਣੀ ਚਾਹੀਦੀ ਹੈ। ਉਹਨਾਂ ਨੂੰ ਇਸ ਲਈ ਲਿਖਣਾ ਚਾਹੀਦਾ ਹੈ ਕਿਉਂ ਕਿ ਲਿਖਣ ਤੋਂ ਉਹਨਾਂ ਨੂੰ ਉਸੇ ਹਿੰਸਾ ਨਾਲ ਦੂਰ ਕੀਤਾ ਗਿਆ ਹੈ ਜਿਸ ਹਿੰਸਾ ਨਾਲ ਉਹਨਾਂ ਨੂੰ ਉਹਨਾਂ ਦੀਆਂ ਦੇਹਾਂ ਤੋਂ ਦੂਰ ਕੀਤਾ ਗਿਆ ਹੈ।'

ਸਮੱਸਿਆ ਉਦੋਂ ਪੈਦਾ ਹੁੰਦੀ ਹੈ ਜਦੋਂ ਇਹ ਲਿਖਤ ਅੱਗੋਂ ਪੜ੍ਹਤ ਅਤੇ ਆਲੋਚਨਾ ਦੇ ਪੱਧਰ ਉਤੇ ਪਿਤਰਕੀ ਦੀਆਂ ਆਲੋਚਨਾ ਏਜੰਸੀਆਂ ਦੇ ਹੀ ਹੱਥਾਂ ਵਿਚ ਚਲੀ ਜਾਂਦੀ ਹੈ ਅਤੇ ਪਾਠਕਾਂ ਤੱਕ ਆਪਣੀ ਨਾਰੀਵਾਦੀ ਰਾਜਨੀਤੀ ਤਹਿਤ ਪੁੱਜਣ ਤੋਂ ਖੁੰਝ ਜਾਂਦੀ ਹੈ। ਪੰਜਾਬੀ ਆਲੋਚਨਾ ਵਿਚ ਉਪਰੋਕਤ ਆਧੁਨਿਕ ਕਵਿਤਰੀਆਂ ਦੀ ਸਿਰਜਣਾ ਨਾਲ ਅਜਿਹਾ ਹੀ ਵਾਪਰਿਆ ਦਿਖਾਈ ਦਿੰਦਾ ਹੈ। ਇਸੇ ਲਈ ਅਮ੍ਰਿਤਾ ਪ੍ਰੀਤਮ ਅਤੇ ਪ੍ਰਭਜੋਤ ਕੌਰ ਨੂੰ ਰੁਮਾਂਸਵਾਦੀ ਅਤੇ ਪ੍ਰਗਤੀਵਾਦੀ ਕਾਵਿ-ਧਾਰਾਵਾਂ ਤਹਿਤ ਹੀ ਭੁਗਤਾ ਦਿੱਤਾ ਜਾਂਦਾ ਰਿਹਾ ਹੈ। ਨਾਰੀ ਸਰੋਕਾਰ ਤਹਿਤ ਇਹਨਾਂ ਦੀਆਂ ਮਹਿਜ਼ ਨਾਰੀ- ਚੇਤਨਾ ਨਾਲ ਸਿੱਧੇ ਤੌਰ 'ਤੇ ਜੁੜੀਆਂ ਕਵਿਤਾਵਾਂ ਹੀ ਵਿਚਾਰੀਆਂ ਜਾਂਦੀਆਂ ਰਹੀਆਂ ਹਨ ਅਤੇ ਇਸ ਮਸਲੇ



**ਡਾ. ਨੀਤੂ ਅਰੋੜਾ**
ਅਸਿਸਟੈਂਟ ਪ੍ਰੋਫ਼ੈਸਰ
ਪੰਜਾਬੀ ਯੂਨੀਵਰਸਿਟੀ
ਕੰਸਿਟੀਚਿਊਟ ਕਾਲਜ
ਘੁੱਦਾ, ਬਠਿੰਡਾ
78883-25800
theneetuarora@
gmail.com

ਨੂੰ ਪ੍ਰਗਤੀਵਾਦ ਦੇ ਬਹੁਤ ਸਾਰੇ ਸਰੋਕਾਰਾਂ ਵਿਚੋਂ ਹੀ ਇਕ ਸਰੋਕਾਰ ਸਮਝਿਆ ਜਾਂਦਾ ਰਿਹਾ ਹੈ। ਲਗਭਗ ਇਸੇ ਤਰ੍ਹਾਂ ਮਨਜੀਤ ਟਿਵਾਣਾ ਦੀ ਇਕ ਕਵਿਤਾ ਦੇ ਹਵਾਲੇ ਨਾਲ ਇਹ ਭਾਰੂ ਆਲੋਚਨਾ ਵਿਧੀ ਉਸਨੂੰ ਰੈਡੀਕਲ ਨਾਰੀਵਾਦੀ ਆਖ ਕੇ ਉਸਦੀ ਪ੍ਰਸੰਗਿਕਤਾ ਉਤੇ ਸੁਆਲ ਖੜੇ ਕਰ ਦਿੰਦੀ ਹੈ। 20ਵੀਂ ਸਦੀ ਦੇ ਆਖਰੀ ਦਹਾਕੇ ਤੋਂ ਹੁਣ ਤੱਕ ਯੂਨੀਵਰਸਿਟੀਆਂ ਵਿਚ ਹੋਏ ਐਮ.ਫਿਲ. ਅਤੇ ਪੀ.ਐਚਡੀ ਦੇ ਖੋਜ ਕਾਰਜਾਂ ਦੌਰਾਨ ਬੇਸ਼ਕ ਕਿਤੇ ਕਤਾਈਂ ਇਹਨਾਂ ਕਵਿਤਰੀਆਂ ਨੂੰ ਨਾਰੀ ਚੇਤਨਾ ਨਾਲ ਜੋੜ ਕਿ ਦੇਖਿਆ ਗਿਆ ਹੋਵੇ ਪਰ ਕੋਈ ਬਹੁਤਾ ਗੰਭੀਰ ਕਾਰਜ ਸਾਹਮਣੇ ਨਹੀਂ ਆਉਂਦਾ। ਇਹਨਾਂ ਕਵਿਤਰੀਆਂ ਦੇ ਸਮਕਾਲ ਵਿਚ ਜਦੋਂ ਭਾਰਤ ਦੀਆਂ ਹੋਰਨਾਂ ਭਾਸ਼ਾਵਾਂ ਵਿਚ ਨਾਰੀ ਦੇ ਮਸਲਿਆਂ ਤੇ ਕਿਤਾਬਾਂ ਲਿਖੀਆਂ ਜਾ ਰਹੀਆਂ ਸਨ , ਮੈਗਜ਼ੀਨ ਛਾਪੇ ਜਾ ਰਹੇ ਸਨ ਤਾਂ ਪੰਜਾਬੀ ਆਲੋਚਨਾ ਅਤੇ ਚਿੰਤਨ ਇਸ ਮਸਲੇ ਉਤੇ ਲਗਭਗ ਮੂਕ ਬਣੇ ਰਹਿੰਦੇ ਹਨ। ਵੀਹਵੀਂ ਸਦੀ ਦੇ ਆਖਰੀ ਦਹਾਕੇ ਵਿਚ ਉਤਰਆਧੁਨਿਕਤਾ ਦੇ ਨਵੇਂ ਤਰਕਾਂ ਤਹਿਤ ਹਾਸ਼ੀਆਗਤ ਧਿਰਾਂ ਦੀ ਆਵਾਜ਼ ਸੁਣਨ ਲਗਦੀ ਹੈ ਅਤੇ 'ਨਾਰੀਵਾਦ' ਸ਼ਬਦ ਅਕਾਦਮਿਕ ਮੰਚਾਂ ਉਤੇ ਇਕ ਫੈਸ਼ਨ ਦੇ ਰੂਪ ਵਿਚ ਦੁਹਰਾਇਆ ਜਾਣ ਲਗਦਾ ਹੈ। ਪਰੰਤੂ ਉਸ ਤੋਂ ਪਹਿਲਾਂ ਵੀ ਪੰਜਾਬੀ ਵਿਚ ਸਿਰਜਣਾਤਮਕ ਪੱਧਰ ਉਤੇ ਅਮ੍ਰਿਤਾ ਪ੍ਰੀਤਮ ਅਤੇ ਕੁਝ ਹੋਰ ਸਿਰਜਕਾਂ ਦੁਆਰਾ ਲਿਖਿਆ ਸਾਹਿਤ 'ਨਾਰੀਵਾਦ' ਦੀਆਂ ਸਿਧਾਂਤਕ ਬਹਿਸਾਂ ਨਾਲ ਸਿੱਧੇ ਰੂਪ ਵਿਚ ਨਾ ਸਹੀ ਅਸਿੱਧੇ ਰੂਪ ਵਿਚ ਜ਼ਰੂਰ ਜੁੜਿਆ ਪ੍ਰਤੀਤ ਹੁੰਦਾ ਹੈ। ਪਰ ਪੰਜਾਬੀ ਆਲੋਚਨਾ, ਚਿੰਤਨ ਅਤੇ ਐਕਟਿਵਿਜ਼ਮ ਵਿਚ ਨਾਰੀ ਦਾ ਸੁਆਲ ਲਗਪਗ ਗਾਇਬ ਰਹਿੰਦਾ ਹੈ। ਇਸਦਾ ਕਾਰਨ ਸ਼ਾਇਦ ਇਹ ਰਿਹਾ ਹੋਵੇ ਕਿ ਇਹ ਸੁਆਲ ਪੰਜਾਬੀ ਸਮਾਜ ਲਈ ਕਦੇ ਮਹੱਤਵਪੂਰਨ ਰਿਹਾ ਹੀ ਨਹੀਂ। ਇਸੇ ਸਮਾਜ ਵਿਚੋਂ ਪੈਦਾ ਹੋਏ ਪ੍ਰਗਤੀਵਾਦੀ ਸਾਹਿਤਕਾਰਾਂ ਲਈ ਔਰਤ ਅਤੇ ਦਲਿਤ ਦੇ ਮਸਲੇ ਹਮੇਸ਼ਾਂ ਹੀ ਜਮਾਤ ਦੇ ਸੁਆਲ ਨਾਲੋਂ ਦੁਜੈਲੇ ਪੱਧਰ ਉਤੇ ਰਹੇ ਜਾਂ ਕਿਤੇ ਕਿਤੇ ਉਹਨਾਂ ਨੂੰ ਇਹਨਾਂ ਸੁਆਲਾਂ ਨੂੰ ਸੰਬੋਧਿਤ ਹੋਣਾ ਇਨਕਲਾਬ ਦੇ ਰਸਤੇ ਵਿਚ ਸਮੱਸਿਆ ਵੀ ਲਗਦਾ ਰਿਹਾ। ਇਸ ਤੋਂ ਬਿਨਾਂ ਇਸ ਲਹਿਰ ਨਾਲ ਜੁੜੇ ਬੁੱਧੀਜੀਵੀਆਂ ਦੇ ਆਪਣੇ ਕਿਰਦਾਰ ਵਿਚ ਪਿਤਰਕੀ ਅਤੇ ਬ੍ਰਾਹਮਣੀ ਮੁੱਲਾਂ ਦਾ ਵਸੇਬਾ ਸੀ। ਇਕ ਵੱਡਾ ਕਾਰਨ ਸ਼ਾਇਦ ਇਹ ਵੀ ਰਿਹਾ ਕਿ ਪੰਜਾਬੀ ਵਿਚ 1990 ਤੋਂ ਪਹਿਲਾਂ ਸਿਰਜਣਾ ਦੇ ਖੇਤਰ ਵਿਚ ਤਾਂ ਕੁਝ ਕੁ ਔਰਤਾਂ ਮਿਲਦੀਆਂ ਹਨ ਪਰੰਤੂ ਆਲੋਚਨਾ ਅਤੇ ਚਿੰਤਨ ਦੇ ਖੇਤਰ ਵਿਚ ਅਜਿਹਾ ਕੋਈ ਵੱਡਾ ਨਾਮ ਸਾਡੇ ਸਾਹਮਣੇ ਨਹੀਂ ਆਉਂਦਾ। ਸਾਡੇ ਕੋਲ ਮਹਾਂਦੇਵੀ ਵਰਮਾ ਅਤੇ ਕਮਲਾ ਭਸੀਨ ਹੁਣਾ ਦੇ ਸਮਾਂਤਰ ਪੰਜਾਬੀ ਵਿਚ ਕੋਈ ਨਾਰੀ ਐਕਟਿਵਿਸਟ ਔਰਤ ਲੇਖਕਾ ਵੀ ਦਿਖਾਈ ਨਹੀਂ ਦਿੰਦੀ। ਪੰਜਾਬੀ ਸਮਾਜ ਵਿਚ ਇਹ ਸਭ ਉਸ ਪੱਧਰ ਉਤੇ ਕਿਉਂ ਨਹੀਂ ਹੋਇਆ, ਜੇ ਹੋਇਆ ਤਾਂ ਸਾਡੇ ਤੱਕ ਪਹੁੰਚਿਆ ਕਿਉਂ ਨਹੀਂ ? ਹਥਲੇ ਖੋਜ-ਪੱਤਰ ’ਤੇ ਕੰਮ ਕਰਦਿਆਂ ਇਹ ਸੁਆਲ ਲਗਾਤਾਰ ਮੇਰਾ ਪਿੱਛਾ ਕਰਦੇ ਰਹੇ ਹਨ। ਇਸ ਖੋਜ-ਪੱਤਰ ਉਤੇ ਕੰਮ ਕਰਦਿਆਂ ਇਕ ਹੋਰ ਦਿਲਚਸਪ ਗੱਲ ਸਮਝ ਆਉਂਦੀ ਹੈ ਕਿ ਜਦੋਂ 21ਵੀਂ ਸਦੀ ਦੇ ਦੂਜੇ ਦਹਾਕੇ ਦੇ ਅੰਤਲੇ ਸਾਲਾਂ ਵਿਚ ਅਸੀਂ ਸਾਡੀਆਂ ਇਹਨਾਂ ਲੇਖਿਕਾਵਾਂ ਦੇ ਜੀਵਨ ਦੀ ਟੈਕਸਟ ਅਤੇ ਇਹਨਾਂ ਦੁਆਰਾ ਲਿਖੀ ਸਾਹਿਤਕ ਟੈਕਸਟ ਦੀ ਪਹਿਲੀ ਵਾਰ ਕੋਈ ਨਾਰੀਵਾਦੀ ਪੜ੍ਹਤ ਤਿਆਰ ਕਰਨ ਦੀ ਕੋਸ਼ਿਸ਼ ਵਿਚ ਪੈਂਦੇ ਹਾਂ ਤਾਂ ਇਹ ਪ੍ਰਗਤੀਵਾਦੀ ਆਲੋਚਕ ਅਤੇ ਸਿਧਾਂਤਕਾਰ ਆਪਣੇ ਹੀ ਦਵੰਦਾਤਮਕਤਾ ਦੇ ਟੂਲ ਨੂੰ ਸਾਡੇ ਜੀਵਨ-ਪਾਠਾਂ ਅਤੇ ਸਾਡੇ ਸਾਹਿਤਕ ਪਾਠਾਂ ਉਤੇ ਅਪਲਾਈ ਕਰਨਾ ਭੁੱਲ ਜਾਂਦੇ ਹਨ ਅਤੇ ਹੜਬੜਾਹਟ ਵਿਚ 'ਗੋਦੀ ਨਾਰੀਵਾਦ' ਵਰਗੇ ਲੇਖ ਲਿਖੇ ਜਾਂਦੇ ਹਨ। ਆਪਣੀ ਕਿਸੇ ਲੇਖਕਾ ਦੇ ਜੀਵਨ ਅਤੇ ਉਸਦੀਆਂ ਲਿਖਤਾਂ ਨੂੰ ਸਮਝਣ ਦੀ ਕੋਸ਼ਿਸ਼ ਕਰਦੇ ਲੋਕਾਂ ਨੂੰ ਭਗਤਾਂ ਵਰਗੇ ਵਿਸ਼ੇਸ਼ਣਾਂ ਨਾਲ ਨਿਵਾਜਿਆ ਜਾਂਦਾ ਹੈ ਅਤੇ ਫਾਸ਼ੀਵਾਦੀ ਤਰੀਕੇ ਨਾਲ ਕਿਸੇ ਦੇ ਸਾਰੇ ਜੀਵਨ ਦੀ ਇਕਹਿਰੀ ਕਹਾਣੀ ਘੜਣ ਦੀ ਕੋਸ਼ਿਸ਼ ਹੁੰਦੀ ਹੈ। ਇਤਿਹਾਸ ਦੀ ਪਦਾਰਥਵਾਦੀ ਵਿਆਖਿਆ ਕਰਦਾ ਸਾਡਾ ਇਹ ਚਿੰਤਕ ਅੰਨਦਾਤਾ, ਕੁਨਾਰੀ, ਕੰਨਿਆਦਾਨ ਅਤੇ ਮਜ਼ਬੂਰ ਆਦਿ ਕਵਿਤਾਵਾਂ ਦੀ ਸਿਰਜਣਾ ਕਰਨ ਵਾਲੀ ਔਰਤ ਦਾ ਪੁਰਖ-ਤੰਤਰ ਨਾਲ ਕੋਈ ਵਿਰੋਧ ਨਹੀਂ ਦੇਖ ਪਾਉਂਦਾ। ਇਸ ਤਰ੍ਹਾਂ ਦੇ ਲੇਖ ਇਸ ਗੱਲ ਵਿਚ ਸਾਡਾ ਵਿਸ਼ਵਾਸ ਸਗੋਂ ਹੋਰ ਪਕੇਰਾ ਕਰਦੇ ਹਨ ਕਿ ਅਸੀਂ ਅਜੇ ਤੱਕ ਨਾ ਜੀਵਨ ਦੀ ਅਤੇ ਨਾ ਹੀ ਸਾਹਿਤ ਦੀ ਕੋਈ ਨਾਰੀਵਾਦੀ ਪੜ੍ਹਤ ਜਾਂ ਸਮਝਦਾਰੀ ਲਈ ਤਿਆਰ ਹੋ ਸਕੇ ਹਾਂ।

ਉਪਰੋਕਤ ਕਾਰਨਾਂ ਕਰਕੇ ਸਾਡੀਆਂ ਇਹ ਕਵਿਤਰੀਆਂ ਆਪਣੇ ਪਾਠਕਾਂ ਅਤੇ ਵਿਸ਼ੇਸ਼ ਰੂਪ ਵਿਚ ਔਰਤਾਂ ਤੱਕ ਔਰਤ ਦੇ ਇਤਿਹਾਸ ਦੇ ਰੂਪ ਵਿਚ ਨਹੀਂ ਪਹੁੰਚਦੀਆਂ। ਅਗਲੀਆਂ ਪੀੜੀਆਂ ਦੀਆਂ ਡਿਗਰੀਆਂ ਲਈ ਖੋਜ ਕਰਦੀਆਂ ਕੁੜੀਆਂ ਇਹਨਾਂ ਲਿਖਤਾਂ ਨੂੰ ਆਪਣੇ ਅਸਤਿਤਵੀ ਮਸਲਿਆਂ ਅਤੇ ਆਪਣੀ ਧਿਰ ਦੇ ਇਤਿਹਾਸ ਦੇ ਰੂਪ ਵਿਚ ਗ੍ਰਹਿਣ ਨਹੀਂ ਕਰ ਪਾਉਂਦੀਆਂ। ਇਹਨਾਂ ਡਿਗਰੀਆਂ ਲਈ ਕੀਤੇ

ਗਏ ਖੋਜ -ਕਾਰਜ ਇਹਨਾਂ ਲਿਖਤਾਂ ਦੀ ਪ੍ਰਸੰਗ ਸਹਿਤ ਵਿਆਖਿਆ ਤੱਕ ਸੀਮਿਤ ਰਹਿੰਦਿਆਂ ਅਰਥ ਤੋਂ ਸਾਰਥਕਤਾ ਵੱਲ ਨਹੀਂ ਜਾਂਦੇ ਅਤੇ ਨਾਰੀ ਰਚਿਤ ਸਾਹਿਤ ਆਪਣੀ ਉਸ ਕਿਸਮ ਦੀ ਨਾਰੀਵਾਦੀ ਕਾਰਜਸ਼ੀਲਤਾ ਨਿਭਾਉਣ ਤੋਂ ਖੁੰਝ ਜਾਂਦਾ ਹੈ ਜਿਸਦੀ ਨਾਰੀਵਾਦੀ ਸਿਧਾਂਤਕਾਰ ਇਸ ਤੋਂ ਤਵੱਕੋਂ ਕਰਦੇ ਹਨ।

ਸੋ ਸਾਡੀ ਜਾਚੇ ਸਾਹਿਤ ਦੀ ਨਾਰੀਵਾਦੀ ਪੜ੍ਹਤ ਦਾ ਮਸਲਾ ਵੀ ਨਾਰੀਵਾਦੀ ਸਾਹਿਤ ਸਿਰਜਣਾ ਵਾਂਗੂੰ ਹੀ ਅਹਿਮ ਹੈ।ਇਸ ਭੂਮਿਕਾ ਨੂੰ ਧਿਆਨ ਵਿਚ ਰੱਖਦਿਆਂ ਅਸੀਂ ਅਮ੍ਰਿਤਾ ਪ੍ਰੀਤਮ, ਪ੍ਰਭਜੋਤ ਕੌਰ ਅਤੇ ਮਨਜੀਤ ਟਿਵਾਣਾ ਦੀ ਕਵਿਤਾ ਦੇ ਹਵਾਲੇ ਨਾਲ ਕੁਝ ਕੁ ਅਹਿਮ ਨੁਕਤਿਆਂ ਦੀ ਨਾਰੀਵਾਦੀ ਵਿਆਖਿਆ ਕਰਨ ਦੀ ਕੋਸ਼ਿਸ਼ ਕਰਾਂਗੇ।

ਨਾਰੀਵਾਦੀ ਦ੍ਰਿਸ਼ਟੀ ਤੋਂ ਔਰਤ ਦਾ ਲਿਖਣਾ ਅਤੇ ਆਪਣੇ ਜੀਵਨ-ਅਨੁਭਵਾਂ ਅਤੇ ਵਿਚਾਰਾਂ ਨੂੰ ਲਿਖਤ ਰੂਪ ਵਿਚ ਪ੍ਰਗਟਾਉਣਾ ਆਪਣੇ ਆਪ ਵਿਚ ਹੀ ਇਕ ਨਾਰੀਵਾਦੀ ਕਾਰਜ ਹੈ। ਅਮ੍ਰਿਤਾ ਪ੍ਰੀਤਮ ਦਾ ਉਸ ਸਮਾਜ ਅਤੇ ਭਾਸ਼ਾ ਵਿਚ ਲਿਖਣਾ ਜਿਸ ਵਿਚ ਔਰਤ ਲਿਖਤ ਦਾ ਕੋਈ ਬਹੁਤ ਲੰਬਾ ਚੌੜਾ ਇਤਿਹਾਸ ਨਾ ਰਿਹਾ ਹੋਵੇ ਇਕ ਕ੍ਰਾਂਤੀਕਾਰੀ ਨਾਰੀਵਾਦੀ ਘਟਨਾ ਹੈ। ਉਸ ਤੋਂ ਪਹਿਲਾਂ ਜਿਹਨਾਂ ਔਰਤਾਂ ਨੇ ਥੋੜਾ ਬਹੁਤ ਲਿਖਿਆ ਵੀ ਉਹਨਾਂ ਦੇ ਨਾਮ ਸਾਹਿਤ ਦੇ ਇਤਿਹਾਸ ਵਿਚੋਂ ਗਾਇਬ ਕਰ ਦਿੱਤੇ ਗਏ ਹਨ। ਸ਼ਾਹਮੁਖੀ ਲਿੱਪੀ ਵਿਚ 1882 ਵਿਚ ਲੁਧਿਆਣੇ ਤੋਂ ਛਪੀ ਇਕ ਕਿਤਾਬ 'ਸੀਮਾਂਤਨੀ ਉਪਦੇਸ਼' ਦੀ ਲੇਖਿਕਾ ਨੇ ਆਪਣਾ ਨਾਮ ਕਿਉਂ 'ਅਗਿਆਤ ਹਿੰਦੂ ਔਰਤ' ਲਿਖਿਆ ਹੋਵੇਗਾ ? ਇਸ ਦਾ ਉੱਤਰ ਅਸੀਂ ਸਭ ਜਾਣਦੇ ਹਾਂ। ਇਸ ਲਈ ਅਮ੍ਰਿਤਾ ਦਾ ਇਕ ਔਰਤ ਵਜੋਂ ਇਕ ਸਦੀ ਪਹਿਲਾਂ ਪੈਦਾ ਹੋ ਕੇ ਗਿਣਾਤਮਕ ਅਤੇ ਗੁਣਾਤਮਕ ਪੱਖੋਂ ਪੰਜਾਬੀ ਸਾਹਿਤਕਾਰੀ ਦੇ ਪਿੜ ਵਿਚ ਵੱਡਾ ਨਾਂ ਹੋ ਜਾਣਾ ਹੀ ਐਲੇਨ ਸਿਕਸੂ ਦੀ ਉਪਰੋਕਤ ਪਰਿਭਾਸ਼ਾ ਅਨੁਸਾਰ ਉਸਨੂੰ ਨਾਰੀਵਾਦੀ ਸਿੱਧ ਕਰਨ ਲਈ ਕਾਫੀ ਹੈ। ਇਸ ਦੇ ਨਾਲ ਹੋਰ ਔਰਤਾਂ ਨੂੰ ਲਿਖਣ ਲਈ ਪ੍ਰੇਰਿਤ ਕਰਨ ਵਾਲੀ ਸ਼ਰਤ ਉਤੇ ਵੀ ਉਹ ਖਰੀ ਸਾਬਤ ਹੋਈ ਹੈ। ਔਰਤ ਲੇਖਕਾਂ ਦੀ ਇਕ ਪੂਰੀ ਪੀੜੀ ਨੂੰ ਉਸਨੇ ਸਿੱਧੇ ਜਾਂ ਅਸਿੱਧੇ ਢੰਗ ਨਾਲ ਲਿਖਣ ਦੀ ਪ੍ਰੇਰਣਾ ਦਿੱਤੀ ਹੈ। ਇਸੇ ਲੜੀ ਵਿਚ ਪ੍ਰਭਜੋਤ ਕੌਰ ਅਤੇ ਮਨਜੀਤ ਟਿਵਾਣਾ ਦੀਆਂ ਕਵਿਤਾਵਾਂ ਨੂੰ ਸਮਝਿਆ ਜਾ ਸਕਦਾ ਹੈ।

ਇਹਨਾਂ ਕਵਿਤਰੀਆਂ ਦੀ ਖਾਸੀਅਤ ਇਹ ਹੈ ਕਿ ਇਹਨਾਂ ਨੇ ਜੀਵਨ ਦੇ ਲਗਭਗ ਹਰ ਪਹਿਲੂ ਨਾਲ ਸੰਬੰਧਿਤ ਕਾਵਿ-ਰਚਨਾ ਕੀਤੀ। ਨਾਰੀ ਜੀਵਨ ਦੇ ਘਰ, ਪਿਆਰ , ਵਿਆਹ , ਪਰਿਵਾਰ, ਧਰਮ ਅਤੇ ਆਰਥਿਕਤਾ ਆਦਿ ਨਾਲ ਜੁੜੀਆਂ ਲਗਭਗ ਸਾਰੀਆਂ ਸਭਿਆਚਾਰਕ ਸਮਾਜਕ ਸੰਰਚਨਾਵਾਂ ਇਹਨਾਂ ਕਵਿਤਰੀਆਂ ਦੀ ਸਿਰਜਣਾ ਦਾ ਵਿਸ਼ਾ ਬਣੀਆਂ ਰਹੀਆਂ ਹਨ। ਇਹਨਾਂ ਦੀਆਂ ਲਿਖਤਾਂ ਵਿਚ ਪਿਆਰ ਦੇ ਆਦਰਸ਼ਕ ਰੂਪ ਦੀ ਕਾਮਨਾ ਵੀ ਹੈ ਅਤੇ ਸਾਡੇ ਸਮਾਜ ਵਿਚ ਇਸ ਦੇ ਔਰਤ ਵਿਰੋਧੀ ਰੂਪ ਦੀ ਤਸਵੀਰਕਸ਼ੀ ਵੀ ਹੈ। ਮਰਦ ਦੀ ਬੇਵਫ਼ਾਈ ਦਾ ਰੁਦਨ ਵੀ ਅਤੇ ਵਫ਼ਾ ਦੀ ਉਡੀਕ ਵੀ ਹੈ। ਔਰਤ ਦਾ ਇਸ ਕਿਸਮ ਦਾ ਪਿਆਰ ਪ੍ਰਗਟਾਵਾ ਜਿੱਥੇ ਨਾਰੀ ਦੀ ਸਭਿਆਚਾਰਕ ਮੁਕਤਾ ਦੇ ਖਿਲਾਫ਼ ਪ੍ਰਤਿਰੋਧ ਦਾ ਪ੍ਰਗਟਾਵਾ ਤਾਂ ਬਣਦਾ ਹੀ ਹੈ ਪਰ ਨਾਲ ਨਾਲ ਜੋ ਪਿਤਰਕੀ ਸਮਾਜ ਔਰਤ ਨੂੰ ਪੀਲੂ ਦੇ ਮਿਰਜੇ ਦੇ ਚਸ਼ਮੇ ਰਾਹੀਂ ਦੇਖਦਾ ਰਿਹਾ ਹੋਵੇ ਉਸ ਪਿਤਰਕੀ ਦੇ ਸਿਰਜੇ ਨਜ਼ਰੀਏ ਵਿਚ ਆਪਣੀ ਨਾਰੀਵਾਦੀ ਰਾਜਨੀਤੀ ਕਰਦਾ ਨਜ਼ਰ ਆਉਂਦਾ ਹੈ। ਸਾਡੇ ਸਮਕਾਲ ਵਿਚ ਲਿਖੇ ਜਾ ਰਹੇ ਗੀਤਾਂ ਤੱਕ ਯਾਤਰਾ ਕਰਦਾ ਇਹ ਮਿਰਜਾ ਲਗਾਤਾਰ ਵੱਡਾ ਹੋ ਰਿਹਾ ਹੈ। ਮੱਧਕਾਲ ਵਿਚ ਲਿਖੇ ਜਾ ਰਹੇ ਕਿੱਸਾ ਨਾਇਕਾਂ ਵਿਚੋਂ ਮਿਰਜਾ ਪੰਜਾਬੀ ਮਰਦ ਮਾਨਸਿਕਤਾ ਦੀ ਸਭ ਤੋਂ ਵੱਧ ਪ੍ਰਤਿਨਿਧਤਾ ਕਰਦਾ ਪਾਤਰ ਹੈ। ਪੰਜਾਬੀ ਦੀਆਂ ਇਹ ਆਧੁਨਿਕ ਕਵਿਤਰੀਆਂ ਜਦੋਂ ਮਰਦ ਦੀ ਬੇਵਫ਼ਾਈ ਦੀ ਬਾਤ ਪਾਉਂਦੀਆਂ ਹਨ। ਅਮ੍ਰਿਤਾ ਵਾਂਗੂੰ ਆਪਣੀ ਮੁਹੱਬਤ ਦੀ ਲੰਬੀ ਉਡੀਕ ਕਰਦੀਆਂ 'ਸੁਨੇਹੜੇ' ਲਿਖਦੀਆਂ ਹਨ , ਪ੍ਰਭਜੋਤ ਕੌਰ ਵਾਂਗੂੰ ਪ੍ਰੇਮੀ ਪਤੀ ਦੀ ਹਿੰਸਾ ਦਾ ਬਿਰਤਾਂਤ ਸਿਰਜਦੀਆਂ ਹਨ ਜਾਂ ਮਨਜੀਤ ਟਿਵਾਣਾਂ ਵਾਂਗੂੰ ਮੁਹੱਬਤ ਅਤੇ ਚੇਤਨਾ ਦੇ ਵਿਰੋਧ ਨੂੰ ਸਿਰਜਦਿਆਂ 'ਸਾਵਿਤਰੀ' ਵਰਗੀ ਲੰਮੀ ਕਵਿਤਾ ਲਿਖਦੀਆਂ ਹਨ ਤਾਂ ਇਹਨਾਂ ਨੂੰ ਸਿਰਫ਼ ਅਰਥ ਰੂਪ ਵਿਚ ਗ੍ਰਹਿਣ ਕਰਨਾ ਹੀ ਕਾਫੀ ਨਹੀਂ ਹੈ।

*ਕੀ ਪਤਾ ਸੀ*
*ਸੋਚ ਤੇ ਮੁਹੱਬਤ, ਮਤਰੇਈਆਂ ਭੈਣਾਂ*
*ਹਮੇਸ਼ਾਂ ਲੜਦੀਆਂ ਰਹਿਣਗੀਆਂ* [2]

ਇਹਨਾਂ ਲਿਖਤਾਂ ਦੀ ਨਾਰੀਵਾਦੀ ਪੜ੍ਹਤ ਸਾਨੂੰ ਸੁਝਾਉਂਦੀ ਹੈ ਕਿ ਇਹ ਪਿਤਰਕੀ ਦੁਆਰਾ ਸਿਰਜੇ ਔਰਤ ਵਿਰੋਧੀ ਸਭਿਆਚਾਰਕ ਨੈਰੇਟਿਵ ਦੇ ਖਿਲਾਫ਼ ਔਰਤ ਦਾ ਆਪਣਾ ਵਿਰੋਧੀ ਨੈਰੇਟਿਵ ਸਿਰਜਣ ਦੀ

ਕੋਸ਼ਿਸ਼ ਹੈ। ਪਰੰਤੂ ਇਸ ਨੈਰੇਟਿਵ ਦੀ ਘਾੜਤ ਅਤੇ ਭੂਮਿਕਾ ਬਾਰੇ ਸੋਝੀ ਨਾਰੀਵਾਦੀ ਆਲੋਚਨਾ ਦੀ ਰਾਜਨੀਤੀ ਤਹਿਤ ਹੀ ਸਿਰਜੀ ਜਾ ਸਕਦੀ ਹੈ।

ਅਮ੍ਰਿਤਾ ਪ੍ਰੀਤਮ ਅਤੇ ਪ੍ਰਭਜੋਤ ਕੌਰ ਦੀ ਕਵਿਤਾ ਦੇ ਹਵਾਲੇ ਨਾਲ ਇਕ ਹੋਰ ਅਹਿਮ ਨੁਕਤਾ ਸਾਡਾ ਧਿਆਨ ਖਿੱਚਦਾ ਹੈ ਉਹ ਹੈ ਸਾਡੀ ਸਾਹਿਤਕ ਆਲੋਚਨਾ ਵਿਚ ਪ੍ਰਗਤੀਵਾਦੀ ਆਲੋਚਨਾ ਦਾ ਆਤੰਕ। ਇਸ ਨੁਕਤੇ ਦੇ ਵੀ ਅਗਾਂਹ ਦੋ ਪਹਿਲੂ ਬਣਦੇ ਹਨ। ਇਹ ਦੋਹੇਂ ਕਵਿਤਰੀਆਂ ਦੇਸ਼, ਇਨਕਲਾਬ, ਆਜ਼ਾਦੀ, ਬਟਵਾਰਾ ਅਤੇ ਸਮਾਜਵਾਦ ਆਦਿ ਨਾਲ ਸੰਬੰਧਿਤ ਕਵਿਤਾ ਵੱਡੇ ਪੱਧਰ ਉਤੇ ਲਿਖਦੀਆਂ ਹਨ। ਇਸ ਤੋਂ ਜਿੱਥੇ ਇਹ ਪਤਾ ਲਗਦਾ ਹੈ ਕਿ ਔਰਤ ਨੂੰ ਜੇਕਰ ਆਜ਼ਾਦ ਮੌਕਿਆਂ ਦੀ ਪ੍ਰਾਪਤੀ ਹੋਵੇ ਤਾਂ ਉਹ ਇਹਨਾਂ ਸਾਰੇ ਵਿਸ਼ਿਆਂ ਬਾਰੇ ਵੀ ਲਿਖ ਸਕਦੀ ਹੈ। ਪਰ ਕਿਉਂਕਿ ਅਸੀਂ ਇਹਨਾਂ ਦੇ ਜੀਵਨ ਵਿਚ ਔਰਤ ਦੀਆਂ ਸਮੱਸਿਆਵਾਂ ਦਾ ਦਖਲ ਦੇਖਦੇ ਹਾਂ ਤਾਂ ਸਾਨੂੰ ਸਮਝ ਆਉਂਦਾ ਹੈ ਕਿ ਇਹਨਾਂ ਦੀ ਸਿਰਜਣਾ ਉਥੇ ਆਪਣੇ ਬੇਹਤਰ ਰੂਪ ਵਿਚ ਸਾਹਮਣੇ ਆਉਂਦੀ ਹੈ ਜਿੱਥੇ ਇਹ ਨਾਰੀ ਦੇ ਜੀਵਨ ਦੀ ਬਾਤ ਪਾਉਂਦੀਆਂ ਹਨ। ਉਹ ਚਾਹੇ ਅਮ੍ਰਿਤਾ ਦੀ 'ਕੰਨਿਆਦਾਨ' ਕਵਿਤਾ ਹੋਵੇ, 'ਅੰਨਦਾਤਾ' ਹੋਵੇ ਜਾਂ ਪ੍ਰਭਜੋਤ ਕੌਰ ਦੀ 'ਤਲਖੀਆਂ' ਆਦਿ। ਹਰਵਿੰਦਰ ਭੰਡਾਲ ਅਮ੍ਰਿਤਾ ਪ੍ਰੀਤਮ ਦੀ ਕਵਿਤਾ ਬਾਰੇ ਆਪਣੇ ਇਕ ਖੋਜ ਪੱਤਰ ਵਿਚ ਲਿਖਦੇ ਹਨ ਕਿ ਜਿੱਥੇ ਜਿੱਥੇ ਅਮ੍ਰਿਤਾ ਨਾਰੀ ਜੀਵਨ ਨਾਲ ਜੁੜੇ ਮਸਲਿਆਂ ਬਾਰੇ ਲਿਖਦੀ ਹੈ ਉਥੇ ਉਥੇ ਉਹ ਪ੍ਰਗਤੀਵਾਦੀ ਕਵਿਤਾ ਦੀਆਂ ਸੀਮਾਵਾਂ ਨੂੰ ਪਾਰ ਕਰ ਪਾਉਂਦੀ ਹੈ। ਫਿਰ ਇਹ ਕਵਿਤਰੀਆਂ ਪ੍ਰਗਤੀਵਾਦੀ ਦਿਖਣ ਲਈ ਇਨਕਲਾਬ, ਦੇਸ਼, ਸਮਾਜਵਾਦ ਦੀ ਪਿਤਰਕੀ ਸਮਝਦਾਰੀ ਦੇ ਤਹਿਤ ਵੱਡੀ ਮਾਤਰਾ ਵਿਚ ਸਿਰਜਣਾ ਕਿਉਂ ਕਰਦੀਆਂ ਰਹਿੰਦੀਆਂ ਹਨ ਜਦੋਂ ਕਿ ਇਹ ਸਭ ਉਹਨਾਂ ਦੇ ਆਪਣੇ ਅਨੁਭਵ ਦਾ ਉਸ ਤਰ੍ਹਾਂ ਦਾ ਵਿਸ਼ਾ ਨਹੀਂ ਹੈ। ਦਰਅਸਲ ਇੱਜ਼ਤ ਅਤੇ ਮਰਿਆਦਾ ਵਰਗੇ ਪਿਤਰਕੀ ਪ੍ਰਵਚਨਾ ਤੋਂ ਲੈ ਕੇ ਸਾਵਿਤਰੀ ਵਰਗੀਆਂ ਅਨੇਕਾਂ ਮਿੱਥਾਂ ਦੀ ਸਿਰਜਣਾ ਰਾਹੀਂ ਹੁੰਦਿਆਂ ਅਜੋਕੇ ਸਮੇਂ ਦੀਆਂ ਸੁਸ਼ਮਿਤਾ, ਐਸ਼ਵਰਿਆ ਵਰਗੀਆਂ ਬਿਊਟੀ ਮਿੱਥਾਂ ਰਾਹੀਂ ਪਿਤਰਕੀ ਅਤੇ ਪੂੰਜੀਵਾਦੀ ਪ੍ਰਬੰਧ ਜਿਵੇਂ ਔਰਤ ਨੂੰ ਉਸ ਦੀ ਦੇਹ ਤੋਂ ਦੂਰ ਕਰਦੇ ਹਨ ਬਿਲਕੁਲ ਉਸੇ ਤਰ੍ਹਾਂ ਮਰਦਾਵੀਂ ਸਾਹਿਤਕ ਪੜ੍ਹਤ ਨਾਰੀ ਸਿਰਜਕਾਂ ਨੂੰ ਉਹਨਾਂ ਦੇ ਅਨੁਭਵ ਤੋਂ ਦੂਰ ਕਰਨ ਦੀ ਨਿਰੰਤਰ ਸਾਜਿਸ਼ ਕਰਦਾ ਹੈ। ਉਹ ਨਾਰੀ ਸਿਰਜਕ ਤੋਂ ਇਸ ਤਰ੍ਹਾਂ ਦੀ ਤਵੱਕੋਂ ਵੀ ਕਰਦਾ ਹੈ ਕਿ ਨਾਰੀ ਆਪਣੇ ਨਾਰੀ ਹੋਣ ਤੋਂ ਇਨਕਾਰੀ ਹੋ ਜਾਵੇ। ਇਹ ਸਾਜਿਸ਼ ਅਚੇਤ ਅਤੇ ਸੁਚੇਤ ਦੋਹਾਂ ਰੂਪਾਂ ਵਿਚ ਹੋ ਸਕਦੀ ਹੈ। ਮਰਦਾਵੀਂ ਪੜ੍ਹਤ ਦਾ ਇਹ ਦਬਾਅ ਲਗਭਗ ਸਾਰੀਆਂ ਨਾਰੀਵਾਦੀ ਸਿਰਜਕ ਔਰਤਾਂ ਮਹਿਸੂਸ ਕਰਦੀਆਂ ਹਨ। ਕਿਉਂਕਿ ਆਲੋਚਨਾ ਦੀਆਂ ਇਹਨਾਂ ਪੜ੍ਹਤਾਂ ਵਿਚ ਸਵਿਕਾਰੇ ਜਾਣ ਲਈ ਤੁਹਾਨੂੰ 'ਨਿੱਜੀ ਰੋਣਿਆਂ' ਤੋਂ ਖਹਿੜਾ ਛੁਡਵਾਉਣਾ ਪਵੇਗਾ। ਜਦੋਂ ਕਿ ਦੁੱਖ ਅਤੇ ਰੋਣਾ ਪਿਤਰਕੀ ਪ੍ਰਬੰਧ ਵਿਚ ਜਿਉਂਦੀ ਅਤੇ ਲੜਦੀ ਔਰਤ ਦੇ ਜੀਵਨ ਦਾ ਵੱਡਾ ਹਿੱਸਾ ਬਣਦਾ ਹੈ। ਇਸ ਦੁੱਖ ਨੂੰ ਨਜ਼ਰ-ਅੰਦਾਜ਼ ਨਹੀਂ ਕੀਤਾ ਜਾ ਸਕਦਾ। ਇਹ ਭਾਰੂ ਪੜ੍ਹਤਾਂ ਸਾਨੂੰ ਵਾਰ ਵਾਰ ਇਹ ਸੁਝਾਉਂਦੀਆਂ ਵੀ ਨਜ਼ਰ ਆਉਂਦੀਆਂ ਹਨ ਕਿ ਜੇਕਰ ਅਸੀਂ ਮਰਦ ਸਾਹਿਤਕਾਰਾਂ ਦੇ ਬਰਾਬਰ ਸਵਿਕਾਰੇ ਜਾਣਾ ਹੈ ਤਾਂ ਸਾਨੂੰ ਨਾਰੀ ਸਰੋਕਾਰਾਂ ਨੂੰ ਛੱਡ ਕਿ ਹੋਰ ਮਸਲਿਆਂ ਬਾਰੇ ਲਿਖਣਾ ਚਾਹੀਦਾ ਹੈ। ਹੋਰ ਮਸਲੇ ਵੱਡੇ ਸਮਾਜਕ ਮਸਲੇ ਹਨ ਅਤੇ ਨਾਰੀ ਮੁਕਤੀ ਦਾ ਸੁਆਲ ਛੋਟਾ ਸਰੋਕਾਰ ਹੈ। ਇਸੇ ਦਬਾਅ ਹੇਠ ਸਾਹਿਤਕਾਰ ਔਰਤਾਂ ਨੂੰ ਨਿਰੋਲ ਨਾਰੀ ਕਵਿੱਤਰੀਆਂ ਵਿਚ ਸ਼ਾਮਲ ਹੋਣਾ ਚੰਗਾ ਨਹੀਂ ਲਗਦਾ ਅਤੇ ਉਹ ਸੋਚਦੀਆਂ ਹਨ ਕਿ ਉਹਨਾਂ ਨੂੰ ਹੋਰ ਸਮਾਜਕ ਰਾਜਨੀਤਕ ਮਸਲਿਆਂ ਬਾਰੇ ਲਿਖਣਾ ਚਾਹੀਦਾ ਹੈ। ਇਸ ਦਬਾਅ ਵਿਚੋਂ ਪੈਦਾ ਹੋਈ ਕਵਿਤਾ ਇਹਨਾਂ ਸਿਰਜਕਾਂ ਦੁਆਰਾ ਸਿਰਜੀਆਂ ਨਾਰੀ-ਅਨੁਭਵ ਦੀਆਂ ਕਵਿਤਾਵਾਂ ਨਾਲੋਂ ਆਮ ਤੌਰ ਉਤੇ ਪੇਤਲੇ ਪੱਧਰ ਦੀ ਹੁੰਦੀ ਹੈ ਕਿਉਂਕਿ ਇਹਨਾਂ ਸਰੋਕਾਰਾਂ ਦੀ ਉਹਨਾਂ ਦੀ ਸੰਵੇਦਨਾ ਅਤੇ ਚੇਤਨਾ ਵਿਚ ਉਸ ਕਿਸਮ ਦੀ ਦਖਲਅੰਦਾਜ਼ੀ ਨਹੀਂ ਹੁੰਦੀ। ਸੋ ਅਮ੍ਰਿਤਾ ਪ੍ਰੀਤਮ ਅਤੇ ਪ੍ਰਭਜੋਤ ਕੌਰ ਦੀਆਂ ਲਿਖਤਾਂ ਦੀ ਇਸ ਕਿਸਮ ਦੀ ਨਾਰੀਵਾਦੀ ਪੜ੍ਹਤ ਸਾਨੂੰ ਇਹ ਸੁਝਾਉਂਦੀ ਹੈ ਕਿ ਕਿਵੇਂ ਨਾਰੀਵਾਦੀ ਪੜ੍ਹਤ ਦੀ ਅਣਹੋਂਦ ਕਾਰਨ ਨਾਰੀ-ਸਿਰਜਣਾ ਦੇ ਟਪਲਾ ਖਾ ਜਾਣ ਦੀ ਸੰਭਾਵਨਾ ਬਣੀ ਰਹਿੰਦੀ ਹੈ। ਇਹਨਾਂ ਦੋਹਾਂ ਕਵਿਤਰੀਆਂ ਦੀ ਕਵਿਤਾ ਵਿਚ ਇਸ ਤਰ੍ਹਾਂ ਦੇ ਟਪਲਿਆਂ ਅਤੇ ਦਬਾਵਾਂ ਨੂੰ ਮਹਿਸੂਸ ਕੀਤਾ ਜਾ ਸਕਦਾ ਹੈ।

ਪਰੰਤੂ ਸਕੂਨ ਦੇਣ ਵਾਲੀ ਗੱਲ ਇਹ ਹੈ ਕਿ ਇਹਨਾਂ ਦਬਾਵਾਂ ਦੇ ਹੁੰਦਿਆਂ ਵੀ ਇਹ ਆਪਣੀ ਕਵਿਤਾ ਦੇ ਕਾਫੀ ਹਿੱਸੇ ਨੂੰ ਆਪਣੀ ਆਵਾਜ਼ ਲਈ ਬਚਾ ਲੈਂਦੀਆ ਹਨ। ਅਸੀਂ ਦੇਖਦੇ ਹਾਂ ਕਿ ਇਹਨਾਂ ਦੀ ਇਸ ਤਰ੍ਹਾਂ ਦੀ ਕਵਿਤਾ ਵਿਚ ਇਹਨਾਂ ਦਾ ਨਿੱਜੀ ਜੀਵਨ ਵੱਡੇ ਪੱਧਰ ਉਤੇ ਫੈਲਿਆ ਹੋਇਆ ਹੈ। ਪ੍ਰਭਜੋਤ ਕੌਰ ਦੀ ਕਵਿਤਾ ਦਾ ਵੱਡਾ ਹਿੱਸਾ ਉਸਦੀ ਨਿੱਜੀ ਡਾਇਰੀ ਵਰਗਾ ਹੈ। ਇਹ ਡਾਇਰੀ ਉਸਦੀ ਕਵਿਤਾ ਉਤੇ ਇਸ ਤਰ੍ਹਾਂ

ਛਾਈ ਹੋਈ ਹੈ ਕਿ ਆਖਰੀ ਸੰਗ੍ਰਿਹ 'ਭਿਜਓ ਸਿਜਓ ਕੰਬਲੀ' ਤੱਕ ਪਹੁੰਚਦਿਆਂ ਉਹ ਇਸਨੂੰ ਵਾਰਤਕ ਰੂਪ ਵਿਚ ਹੀ ਲਿਖਦੀ ਹੈ ਅਤੇ ਇਸਤੋਂ ਕਵਿਤਾ ਦਾ ਗਲਾਫ਼ ਲਾਹ ਸੁੱਟਦੀ ਹੈ। ਮਨਜੀਤ ਟਿਵਾਣਾ ਦੀਆਂ ਬਹੁਤ ਸਾਰੀਆਂ ਕਵਿਤਾਵਾਂ ਵਿਚ ਉਸਦੇ ਨਿੱਜੀ ਜੀਵਨ ਦਾ ਬਿਰਤਾਂਤ ਫੈਲਿਆ ਹੋਇਆ ਹੈ। ਭਰਾ ਦੀ ਮੌਤ ਦਾ ਜ਼ਿਕਰ ਅਨੇਕਾਂ ਕਵਿਤਾਵਾਂ ਵਿਚ ਹੈ ਅਤੇ ਮਾਂ ਦੀ ਮੌਤ ਦੀ ਤਾਂ ਤਰੀਕ ਤੱਕ ਵੀ ਉਸਦੀ ਕਵਿਤਾ ਵਿਚ ਦਰਜ ਹੈ। ਇਸੇ ਤਰ੍ਹਾਂ ਅਮ੍ਰਿਤਾ ਦੀ ਕਵਿਤਾ ਵਿਚ ਬੇਸ਼ਕ ਇਹਨਾਂ ਦੋਹਾਂ ਨਾਲੋਂ ਘੱਟ ਪਰੰਤੂ ਨਿੱਜੀ ਜੀਵਨ ਦੀ ਝਲਕ ਜ਼ਰੂਰ ਦਿਖਾਈ ਦਿੰਦੀ ਹੈ। ਇਹ ਕਵਿਤਾ ਇਹਨਾਂ ਹਵਾਲਿਆਂ ਰਾਹੀਂ ਹੀ ਨਾਰੀਵਾਦੀ ਕਵਿਤਾ ਹੋ ਨਿਬੜਦੀ ਹੈ। ਇਸ ਕਵਿਤਾ ਵਿਚ ਨਿੱਜੀ ਬਿਰਤਾਂਤ ਸ਼ਾਮਲ ਹੀ ਨਹੀਂ ਹੁੰਦਾ ਸਗੋਂ ਅਨੇਕਾਂ ਵਾਰ ਦੁਹਰਾਇਆ ਵੀ ਜਾਂਦਾ ਹੈ। ਇਹਨਾਂ ਨਿੱਜੀ ਪ੍ਰਸੰਗਾਂ ਅਤੇ ਇਹਨਾਂ ਦੇ ਦੁਹਰਾਅ ਦੀ ਨਾਰੀਵਾਦੀ ਵਿਆਖਿਆ ਕੀ ਬਣਦੀ ਹੈ ਇਹ ਸਾਨੂੰ ਨਾਰੀਵਾਦੀ ਪੜ੍ਹਤ ਰਾਹੀਂ ਹੀ ਸਮਝ ਆ ਸਕਦਾ ਹੈ।ਸਾਹਿਤ ਅਤੇ ਜੀਵਨ ਨੰ ਸਮਝਣ ਦੀਆਂ ਪਿਤਰਕੀ ਦ੍ਰਿਸ਼ਟੀਆਂ ਬਹੁਤ ਸਾਰੇ ਵਰਤਾਰਿਆਂ ਨੂੰ ਨਿੱਜੀ ਆਖਕੇ ਉਸ ਬਾਰੇ ਗੱਲ ਨਹੀਂ ਕਰਨਾ ਚਾਹੁੰਦੇ। ਤਸਕੀਨ ਆਪਣੇ ਲੇਖ ਵਿਚ ਇਸੇ ਨਿੱਜੀ ਲੜਾਈ ਨੂੰ ਹੀ ਵਿਅਕਤੀਗਤ ਜੈਂਡਰ ਨਾਲ ਲੜਾਈ ਸਮਝਦਾ ਹੈ। ਪਰੰਤੂ ਨਾਰੀਵਾਦੀਆਂ ਵਿਚ 'personal is political' ਦਾ ਵਿਚਾਰ ਬਹੁਤ ਅਹਿਮ ਹੈ। ਮਾਰਕਸਵਾਦੀ ਜਾਂ ਦਲਿਤਵਾਦੀ ਹੋਣਾ ਸਾਡੇ ਘਰ-ਪਰਿਵਾਰ ਨੂੰ ਸਿੱਧੇ ਰੂਪ ਵਿਚ ਦੋ ਹਿੱਸਿਆਂ ਵਿਚ ਨਹੀਂ ਵੰਡਦਾ ਪਰੰਤੂ ਨਾਰੀਵਾਦੀ ਹੋਣਾ ਸਾਡੇ ਬਹੁਤ ਨਿੱਜੀ ਰਿਸ਼ਤਿਆਂ ਅਤੇ ਨਿੱਜੀ ਪਲਾਂ ਵਿਚਲੇ ਵਿਰੋਧਾ ਨੂੰ ਸਾਡੇ ਸਾਹਮਣੇ ਲੈ ਆਉਂਦਾ ਹੈ ਅਤੇ ਨਾਰੀਵਾਦ ਦੀ ਪਹਿਲੀ ਲੋੜ ਵੀ ਨਿੱਜੀ ਰਿਸ਼ਤਿਆਂ, ਘਰਾਂ ,ਪਰਿਵਾਰਾਂ ਦੀ ਦੇ ਦੋਹਰੇ ਮਿਆਰਾਂ ਵਿਚੋਂ ਸਾਹਮਣੇ ਆਉਂਦੀ ਹੈ।ਇਸ ਸਬੰਧ ਵਿਚ ਪ੍ਰਭਾ ਖੇਤਾਨ ਦੇ ਵਿਚਾਰ ਵੀ ਮਹੱਤਵਪੂਰਨ ਹਨ।ਉਹ ਆਪਣੇ ਇਕ ਲੇਖ ਵਿਚ ਲਿਖਦੀ ਹੈ ਕਿ ਸਾਰੇ ਦਲਿਤ ਅਤੇ ਵਿਹੂਣੇ ਵਰਗਾਂ ਨੂੰ ਆਪਣਾ ਇਤਿਹਾਸ ਆਪ ਹੀ ਲਿਖਣਾ ਪੈਂਦਾ ਹੈ। ਉਹ ਇਸ ਗੱਲ ਲਈ ਸਰਾਪੀ ਮਹਿਸੂਸ ਕਰਦੀ ਹੈ ਕਿ ਅਸੀਂ ਔਰਤਾਂ ਆਪਣੇ ਆਪ ਨੂੰ ਉਧੇੜ ਕਿ ਹੀ ਸਥਿਤੀਆਂ ਖਿਲਾਫ਼ ਵਿਦਰੋਹ ਕਰ ਸਕਦੀਆਂ ਹਾਂ। ਸਾਡਾ ਆਪਣਾ ਨਿੱਜੀ ਅਨੁਭਵ ਹੀ ਸਾਡਾ ਪਹਿਲਾ ਹਥਿਆਰ ਹੈ। ਇਹੀ ਸਾਡੀ ਬੌਧਿਕਤਾ ਦਾ ਆਰੰਭ ਬਿੰਦੂ ਹੈ ਜੋ ਅੱਗੇ ਜਾ ਕੇ ਆਪਣੀ ਪ੍ਰਮਾਣਿਕਤਾ ਰਾਹੀਂ ਇਤਿਹਾਸ ਬਣਦਾ ਹੈ।

ਸੋ ਇਸ ਕਵਿਤਾ ਦੀ ਨਾਰੀਵਾਦੀ ਪੜ੍ਹਤ ਸਾਨੂੰ ਸਾਡੇ ਘਰਾਂ, ਰਿਸ਼ਤਿਆਂ, ਮੁਹੱਬਤਾਂ, ਵਿਆਹਾਂ ਅਤੇ ਸਮਾਜਾਂ ਦਾ ਇਤਿਹਾਸਕ ਚਿਹਰਾ ਦਿਖਾਉਂਦੀ ਹੈ। ਇਹ ਚਿਹਰਾ ਦੇਖ ਲੈਣ ਤੋਂ ਬਾਅਦ ਹੀ ਅਸੀਂ ਇਹਨਾਂ ਸਮਾਜਕ ਸੰਸਥਾਵਾਂ ਦਾ ਚਿਹਰਾ ਬਦਲਣ ਵੱਲ ਅਗਰਸਰ ਹੋ ਸਕਾਂਗੇ। ਨਾਰੀਵਾਦੀਆਂ ਲਈ ਇਹਨਾਂ ਲਿਖਤਾਂ ਵਿਚ ਝਾਕਣਾ ਆਪਣੀ ਪਰੰਪਰਾ ਦੇ ਸ਼ੀਸ਼ੇ ਵਿਚ ਔਰਤ ਦਾ ਮੁੱਖ ਵੇਖਣਾ ਹੈ। ਸੋ ਮਰਦਾਵੀਆਂ ਪੜ੍ਹਤਾਂ ਇਹਨਾਂ ਨੂੰ ਨਿੱਜੀ, ਭਾਵੁਕ, ਰੁਦਨਮਈ, ਨੀਵੇਂ ਕਾਵਿਕ ਮਿਆਰਾਂ ਆਦਿ ਦੀਆਂ ਆਖ ਜਿਨਾਂ ਵੀ ਛੁਟਿਆਂਦੀਆਂ ਰਹਿਣ ਇਹਨਾਂ ਲਿਖਤਾਂ ਦੀ ਨਾਰੀਵਾਦੀ ਪੜ੍ਹਤ ਰਾਹੀਂ ਅਸੀਂ ਇਹਨਾਂ ਨੂੰ ਸਾਡੇ ਇਤਿਹਾਸਕ ਦਸਤਾਵੇਜ਼ ਵਜੋਂ ਸਮਝ ਪਾਉਂਦੇ ਹਾਂ।

ਇਸੇ ਤਰ੍ਹਾਂ ਇਹਨਾਂ ਤਿੰਨਾਂ ਹੀ ਕਵਿੱਤਰੀਆਂ ਦੀ ਕਵਿਤਾ ਨੂੰ ਪੜ੍ਹਦਿਆਂ ਅਸੀਂ ਦੇਖਦੇ ਹਾਂ ਕਿ ਇਹਨਾਂ ਦੇ ਅੰਤਲੇ ਸਮੇਂ ਦੀ ਕਵਿਤਾ ਪੂਰਵਲੀ ਕਵਿਤਾ ਨਾਲੋਂ ਬਿਲਕੁਲ ਵੱਖਰੀ ਹੋ ਜਾਂਦੀ ਹੈ। ਅਮ੍ਰਿਤਾ ਪ੍ਰੀਤਮ ਸੁਪਨਿਆਂ ਦੀ ਦੁਨੀਆਂ ਵਿਚ ਉਲਝ ਜਾਂਦੀ ਹੈ ਅਤੇ ਅਧਿਆਤਮ ਦਾ ਰਾਹ ਫੜਦੀ ਹੈ। ਲਗਭਗ ਇਸੇ ਤਰ੍ਹਾਂ ਦਾ ਅਧਿਆਤਮ ਦਾ ਰਾਹ ਮਨਜੀਤ ਟਿਵਾਣਾ ਦੀ ਕਵਿਤਾ ਫੜਦੀ ਹੈ। ਇਹਨਾਂ ਦੋਹਾਂ ਕਵਿਤਰੀਆਂ ਵਿਚ ਇਕ ਸਾਂਝ ਇਹ ਹੈ ਕਿ ਇਹਨਾਂ ਨੇ ਨਾਰੀ ਜੀਵਨ ਦੇ ਬਣੇ ਹੋਏ ਸਮੀਕਰਣਾਂ ਨੂੰ ਆਪਣੇ ਨਿੱਜੀ ਜੀਵਨ ਵਿਚ ਉਲੰਘਿਆ ਹੈ। ਇਕ ਵਿਆਹ ਕਰਵਾਉਣ ਤੋਂ ਬਾਅਦ ਉਸ ਵਿਚੋਂ ਬਾਹਰ ਆਉਂਦੀ ਹੈ ਅਤੇ ਮਮਤਾ ਦੀ ਰਾਜਨੀਤੀ ਨਾਲ ਵੀ ਆਢਾ ਲਾਉਂਦੀ ਹੈ ਅਤੇ ਦੂਸਰੀ ਵਿਆਹ ਦਾ ਰਸਤਾ ਨਹੀਂ ਚੁਣਦੀ ਅਤੇ ਤਮਾਮ ਉਮਰ ਇਕੱਲਿਆਂ ਰਹਿਣ ਦਾ ਫੈਸਲਾ ਕਰਦੀ ਹੈ। ਮਨਜੀਤ ਟਿਵਾਣਾ ਦੀ ਕਵਿਤਾ ਦੇ ਹਵਾਲੇ ਨਾਲ ਸਮਝਣਾ ਹੋਵੇ ਤਾਂ ਉਹ ਔਰਤਾਂ ਜੋ ਗ੍ਰਿਹਿਸਥੀ ਦੇ ਵਿਹੜੇ ਵਿਚ ਸਦਾਚਾਰ ਦੀਆਂ ਝਾਂਜਰਾਂ ਪਾਕੇ ਨੱਚ ਨਹੀਂ ਸਕਦੀਆਂ , ਇਕੱਲੀਆਂ ਛੱਡ ਦਿੱਤੀਆਂ ਜਾਂਦੀਆਂ ਹਨ। ਇਸ ਤਰ੍ਹਾਂ ਬਾਗੀ ਕਵਿਤਾਵਾਂ ਲਿਖਦੀ ਮਨਜੀਤ ਟਿਵਾਣਾ 'ਜਿਨ ਪ੍ਰੇਮ ਕੀਓ' ਤੱਕ ਪਹੁੰਚਦਿਆਂ ਅਧਿਆਤਮਵਾਦੀ ਰੰਗ ਵਿਚ ਰੰਗੀ ਜਾਂਦੀ ਹੈ। ਇਹ ਦੋਵੇਂ ਹੀ ਕਵਿਤਰੀਆਂ ਦੀ ਅੰਤਲੀ ਕਵਿਤਾ ਇਸ ਸਮਾਜ ਤੋਂ ਏਲੀਨੇਸ਼ਨ ਦੀ ਕਵਿਤਾ ਵਜੋਂ ਸਮਝੀ ਜਾਣੀ ਚਾਹੀਦੀ ਹੈ। ਜਿਵੇਂ ਮਾਰਕਸਵਾਦ ਮਜ਼ਦੂਰ ਜਮਾਤ ਦੀ ਏਲੀਨਸ਼ਨ ਦੀ ਗੱਲ ਕਰਦਾ ਹੈ। ਸਾਡੀਆਂ ਇਹ ਕਵਿਤਰੀਆਂ ਵੀ ਅੰਤਲੇ

ਸਮਿਆਂ ਵਿਚ ਆਪਣੇ ਆਲੇ ਦੁਆਲੇ ਦੇ ਸਮਾਜ ਤੋਂ ਅਤ੍ਰਿਪਤ ਹੁੰਦਿਆਂ ਅਲਗਾਵ ਦਾ ਸ਼ਿਕਾਰ ਹੁੰਦੀਆਂ ਹਨ। ਇਸੇ ਤਰ੍ਹਾਂ ਪ੍ਰਭਜੋਤ ਕੌਰ ਦਾ ਰਸਤਾ ਇਹਨਾਂ ਵਾਲਾ ਨਹੀਂ ਹੈ ਪਰੰਤੂ ਆਪਣੇ ਅੰਤਲੇ ਸਮਿਆਂ ਦੀ ਉਦਾਸੀ ਉਸਦੀ ਵੀ ਉਹੋ ਜਿਹੀ ਹੈ। ਇਹਨਾਂ ਤਿੰਨਾਂ ਕਵਿੱਤਰੀਆਂ ਦੇ ਅੰਤਲੇ ਸਮਿਆਂ ਦੀ ਕਵਿਤਾ ਦੀ ਨਾਰੀਵਾਦੀ ਪੜ੍ਹਤ ਇਹ ਸੁਝਾਉਂਦੀ ਹੈ ਕਿ ਸਾਡੇ ਸਮਾਜ ਵਿਚ ਔਰਤ ਚਾਹੇ ਇਸਦੀਆਂ ਵਿਆਕਰਣਾ ਨੂੰ ਤੋੜਦੀ ਹੈ ਜਾਂ ਨਿਭਾਉਂਦੀ ਹੈ , ਜੇਕਰ ਉਸਨੂੰ ਸਮਾਜ ਦਾ ਕਾਣ ਦਿਖਣ ਲੱਗ ਪੈਂਦਾ ਹੈ ਤਾਂ ਉਸਦੀ ਉਦਾਸੀ ਤੈਅ ਹੈ। ਪਿਤਰਕੀ ਪ੍ਰਬੰਧ ਏਨਾ ਤਾਕਤਵਰ ਹੈ ਕਿ ਇਹਨਾਂ ਔਰਤਾਂ ਨੂੰ ਸਾਰੀਆਂ ਪ੍ਰਾਪਤੀਆਂ ਦੇ ਬਾਵਜੂਦ ਸਭਿਆਚਾਰਕ ਧਰਾਤਲ ਉਤੇ ਹਰਾ ਦਿੱਤਾ ਜਾਂਦਾ ਹੈ ਅਤੇ ਉਹ ਏਲੀਨੇਸ਼ਨ ਵੱਲ ਧੱਕ ਦਿੱਤੀਆਂ ਜਾਂਦੀਆਂ ਹਨ।ਇਹ ਪੜ੍ਹਤ ਸਾਨੂੰ ਸੁਚੇਤ ਰੂਪ ਵਿਚ ਨਾਰੀਵਾਦੀ ਹੋਣ ਦੇ ਅਰਥ ਦੱਸਦੀ ਹੈ ਅਤੇ ਇਹ ਵੀ ਸੁਝਾਉਂਦੀ ਹੈ ਕਿ ਪਿਤਰਕੀ ਨਾਲ ਟਕਰਾਉਣ ਲਈ ਨਾਰੀਵਾਦੀਆਂ ਨੂੰ ਆਪਣੀ ਸਾਂਝ ਦੇ ਧਰਾਤਲਾਂ ਬਾਰੇ ਸੁਚੇਤ ਹੋਣਾ ਪਵੇਗਾ। ਮਹਿਜ਼ ਨਾਰੀ ਸਾਹਿਤ ਸਿਰਜਣਾ ਹੀ ਨਹੀਂ ਸਗੋਂ ਸਾਨੂੰ ਨਾਰੀਵਾਦੀ ਆਲੋਚਨਾ ਅਤੇ ਪੜ੍ਹਤ ਦੇ ਨਵੇਂ ਮਾਡਲ ਤਲਾਸ਼ਣੇ ਪੈਣਗੇ ਅਤੇ ਸਾਹਿਤ ਸਿਰਜਣਾ ਅਤੇ ਸਮੀਖਿਆ ਨਾਲ ਜੁੜੀਆਂ ਸੰਸਥਾਵਾਂ ਜਿਵੇਂ ਯੂਨੀਵਰਸਿਟੀਆਂ , ਪਤ੍ਰਿਕਾਵਾਂ ਦੀ ਸਪੇਸ ਨੂੰ ਪਿਤਰਕੀ ਪੜ੍ਹਤ ਦੇ ਕੰਟਰੋਲ ਤੋਂ ਆਜ਼ਾਦ ਕਰਵਾਉਣਾ ਪਵੇਗਾ। ਨਾਰੀਵਾਦੀ ਸਿਰਜਕਾਂ ਨੂੰ ਸਿਰਜਣਾ ਦੇ ਨਾਲ ਨਾਲ ਆਲੋਚਨਾ ਨੂੰ ਵੀ ਆਪਣੇ ਕੰਟਰੋਲ ਵਿਚ ਲੈਣਾ ਪਵੇਗਾ ਤਾਂ ਕਿ ਆਪਣੀਆਂ ਲਿਖਤਾਂ ਦੇ ਅਰਥਾਂ ਨੂੰ ਆਪਣੀ ਵਿਸ਼ੇਸ਼ ਰਾਜਨੀਤੀ ਤਹਿਤ ਪਾਠਕਾਂ ਤੱਕ ਪਹੁੰਚਾਇਆ ਜਾ ਸਕੇ।

## ਹਵਾਲੇ ਤੇ ਟਿੱਪਣੀਆਂ


1. Cixous, Helene, **The Laugh of Medusa**, New French feminisms, New York: Schocken,1981. Print.
2. ਮਨਜੀਤ ਟਿਵਾਣਾ, **ਸਾਵਿਤਰੀ**, ਪੰਨਾ 18.
3. ਹਰਵਿੰਦਰ ਭੰਡਾਲ,ਪ੍ਰਗਤੀਵਾਦੀ ਚੇਤਨਾ ਅਤੇ ਅਮ੍ਰਿਤਾ ਪ੍ਰੀਤਮ ਦੀ ਕਵਿਤਾ, **ਆਲੋਚਨਾ** (ਰੈਫਰੀਡ ਜਰਨਲ), ਅੰਕ : 256-257, ਜਨਵਰੀ-ਜੂਨ 2020, ਪੰਨਾ 45.